Punjabi

# ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਹਾਊਸਿੰਗ ਬੈਨੀਫਿਟ ਜਾਂ ਕੌਂਸਲ ਟੈਕਸ ਬੈਨੀਫਿਟ ਬਾਰੇ ਗਲਤ ਫੈਸਲਾ ਹੋਇਆ ਹੈ, ਤਾਂ ਕੀ ਕਰਨਾ ਹੈ।

**(What to do if you think the decision about your Housing Benefit or Council Tax Benefit is wrong).**

ਇਸ ਪਰਚੇ ਵਿਚ ‘ਜੇ ਤੁਸੀਂ ਸੋਚਦੇ ਹੋ ਕਿ ਤੁਹਾਡੇ ਹਾਊਸਿੰਗ ਬੈਨੀਫਿਟ ਅਤੇ/ਜਾਂ ਕੌਂਸਲ ਟੈਕਸ ਬੈਨੀਫਿਟ ਬਾਰੇ ਗਲਤ ਫੈਸਲਾ ਹੋਇਆ ਹੈ’ ਤਾਂ ਕੀ ਕਰਨਾ ਹੈ ਬਾਰੇ ਵਿਆਖਿਆ ਕੀਤੀ ਗਈ ਹੈ। ਇਹ ਨਿਯਮ ਰਾਸ਼ਟਰੀ ਪੱਧਰ ਦੇ ਹਨ ਅਤੇ ਤੁਸੀਂ ਚਾਹੇ ਕਿਸੇ ਵੀ ਇਲਾਕੇ ਵਿਚ ਰਹਿੰਦੇ ਹੋਵੋ ਉਥੇ ਹੀ ਲਾਗੂ ਹੁੰਦੇ ਹਨ। ਜੇ ਤੁਹਾਨੂੰ ਇਹ ਨਹੀਂ ਪਤਾ ਕਿ ਤੁਹਾਡੇ ਰਹਿਣ ਵਾਲਾ ਇਲਾਕਾ ਕਿਸ ਕੌਂਸਲ ਅਧੀਨ ਆਉਂਦਾ ਹੈ ਤਾਂ ਤੁਸੀਂ ਇਸਦਾ ਪਤਾ ਆਪਣੇ ਕੌਂਸਲ ਟੈਕਸ ਬਿੱਲ ਤੋਂ ਲਗਾ ਸਕਦੇ ਹੋ।

## ਮੁਖਬੰਦ

ਜਦੋਂ ਤੁਸੀਂ ਹਾਊਸਿੰਗ ਅਤੇ/ਜਾਂ ਕੌਂਸਲ ਟੈਕਸ ਬੈਨੀਫਿਟ ਵਾਸਤੇ ਅਰਜ਼ੀ ਦੇਵੋਗੇ ਤਾਂ ਤੁਹਾਨੂੰ ਤੁਹਾਡੇ ਕਲੇਮ ਦਾ ਫੈਸਲਾ ਲਿਖਤੀ ਤੌਰ ਤੇ ਦਿੱਤਾ ਜਾਵੇਗਾ। ਜੇ ਤੁਸੀਂ ਇਸ ਨਾਲ ਸਹਿਮਤ ਨਹੀਂ ਹੋ ਤਾਂ ਤੁਸੀਂ ਇਸ ਉਤੇ ਦੁਬਾਰਾ ਗੌਰ ਕਰਨ ਦੀ ਮੰਗ ਕਰ ਸਕਦੇ ਹੋ।

ਤੁਸੀਂ ਇਹ ਵੱਖ ਵੱਖ ਤਰੀਕਿਆਂ ਨਾਲ ਕਰ ਸਕਦੇ ਹੋ। ਤੁਸੀਂ ਆਪਣੇ ਸਥਾਨਕ ਕੌਂਸਲ ਟੈਕਸ ਬੈਨੀਫਿਟਸ ਸੈਕਸ਼ਨ ਨਾਲ ਸੰਪਰਕ ਕਰ ਸਕਦੇ ਹੋ ਅਤੇ:

- ਫੈਸਲੇ ਬਾਰੇ ਵਿਆਖਿਆ ਦੀ ਮੰਗ ਕਰ ਸਕਦੇ ਹੋ
- ਉਨ੍ਹਾਂ ਨੂੰ ਫੈਸਲੇ ਤੇ ਮੁੜ ਵਿਚਾਰ ਕਰਨ ਵਾਸਤੇ ਕਹਿ ਸਕਦੇ ਹੋ
- ਇਸ ਫੈਸਲੇ ਵਿਰੁੱਧ ਅਪੀਲ ਕਰ ਸਕਦੇ ਹੋ।

ਇਨ੍ਹਾਂ ਤਰੀਕਿਆਂ ਵਿਚੋਂ ਕਿਸੇ ਦੀ ਵੀ ਮੰਗ ਕਰਨ ਵਾਸਤੇ ਤੁਹਾਡਾ ਪ੍ਰਭਾਵਤ ਵਿਅਕਤੀ ਹੋਣਾ ਜ਼ਰੂਰੀ ਹੈ।

## ਪ੍ਰਭਾਵਤ ਵਿਅਕਤੀ ਕੌਣ ਹੈ?

ਪ੍ਰਭਾਵਤ ਵਿਅਕਤੀ ਹੈ:

- ਕਲੇਮ ਕਰਨ ਵਾਲਾ
- ਕਲੇਮ ਕਰਨ ਵਾਲੇ ਵਲੋਂ ਕਾਰਵਾਈ ਕਰਨ ਵਾਲਾ ਜੋ ਕੋਰਟ ਵਲੋਂ ਨਿਯੁਕਤ ਕੀਤਾ ਗਿਆ ਹੋਵੇ
- ਕਲੇਮ ਕਰਨ ਵਾਲੇ ਵਲੋਂ ਕਾਰਵਾਈ ਕਰਨ ਵਾਲਾ ਜਿਸਦੀ ਨਿਯੁਕਤੀ ਬਾਰੇ ਕੌਂਸਲ ਸਹਿਮਤ ਹੋਵੇ
- ਮਾਲਕ-ਮਕਾਨ - ਪਰ ਸਿਰਫ ਬੈਨੀਫਿਟ ਦਾ ਭੁਗਤਾਨ ਕਿਸ ਨੂੰ ਕੀਤਾ ਜਾਵੇ ਸਬੰਧੀ ਮਸਲਿਆ ਵਾਸਤੇ
- ਅਜੰਟ - ਪਰ ਸਿਰਫ ਬੈਨੀਫਿਟ ਦਾ ਭੁਗਤਾਨ ਕਿਸ ਨੂੰ ਕੀਤਾ ਜਾਵੇ ਸਬੰਧੀ ਮਸਲਿਆਂ ਵਾਸਤੇ
- ਉਹ ਵਿਅਕਤੀ ਜਿਸ ਤੋਂ, ਨਿਸ਼ਚਤ ਤੌਰ ਤੇ, ਵਾਧੂ ਦਿੱਤਾ ਗਿਆ ਪੈਸਾ ਵਸੂਲ ਕਰਨਾ ਹੋਵੇ।

ਇਸਦਾ ਅਰਥ ਹੈ ਕਿ ਕਲੇਮ ਕਰਨ ਵਾਲੇ ਦੇ ਬੈਨੀਫਿਟ ਦੇ ਫੈਸਲੇ ਸਬੰਧੀ ਕੌਂਸਲ ਨੂੰ ਮੁੜ ਵਿਚਾਰ ਕਰਨ ਵਾਸਤੇ ਸਿਰਫ ਕਲੇਮ ਕਰਨ ਵਾਲਾ ਹੀ ਕਹਿ ਸਕਦਾ ਹੈ। ਮਾਲਕ-ਮਕਾਨ ਜਾਂ ਅਜੰਟ ਸਿਰਫ, ਕੀ ਭੁਗਤਾਨ ਮਾਲਕ-ਮਕਾਨ ਨੂੰ ਕੀਤਾ ਜਾਣਾ ਚਾਹੀਦਾ ਹੈ ਜਾਂ ਨਹੀਂ ਅਤੇ ਕੀ ਮਾਲਕ-ਮਕਾਨ ਜਾਂ ਅਜੰਟ ਕੋਲੋਂ ਵਾਧੂ ਦਿੱਤੇ ਗਏ ਪੈਸੇ ਦੀ ਵਾਪਸੀ ਵਸੂਲੀ ਦਾ ਫੈਸਲਾ ਸਹੀ ਢੰਗ ਨਾਲ ਕੀਤਾ ਗਿਆ ਹੈ, ਬਾਰੇ ਹੀ ਫੈਸਲੇ ਸਬੰਧੀ ਕੌਂਸਲ ਨੂੰ ਮੁੜ ਵਿਚਾਰ ਕਰਨ ਲਈ ਆਖ ਸਕਦੇ ਹਨ।

### ਮਹੱਤਵ ਪੂਰਨ ਨੋਟ

ਬੈਨੀਫਿਟ ਦੀ ਰਕਮ ਕਿਤਨੀ ਹੋਣੀ ਚਾਹੀਦੀ ਹੈ ,ਇਹ ਮਸਲਾ ਸਿਰਫ ਕਲੇਮ ਕਰਤਾ ਅਤੇ ਕੌਂਸਲ ਵਿਚਕਾਰ ਹੈ। ਬੈਨੀਫਿਟ ਦੀ ਦਿੱਤੀ ਜਾਣ ਵਾਲੀ ਰਕਮ ਬਾਰੇ ਸਿਰਫ ਕਿਰਾਏਦਾਰ ਹੀ ਕੌਂਸਲ ਨੂੰ ਮੁੜ-ਵਿਚਾਰ ਕਰਨ ਵਾਸਤੇ ਕਹਿ ਸਕਦਾ ਹੈ। ਜੇ ਕੌਂਸਲ ਕਿਰਾਏਦਾਰ ਦੇ ਪਿੱਛਲੇ ਸਰਨਾਵੇਂ ਉਤੇ ਦਿੱਤੇ ਜਾ ਚੁੱਕੇ ਵਾਧੂ ਪੈਸੇ ਦੀ ਵਾਪਸੀ ਵਸੂਲੀ ਵਾਸਤੇ ਕਿਰਾਏਦਾਰ ਦੇ ਬੈਨੀਫਿਟ ਵਿਚ ਕਟੌਤੀ ਕਰ ਦਿੰਦੀ ਹੈ ਤਾਂ ਮੌਜੂਦਾ ਮਾਲਕ-ਮਕਾਨ ਉਸ ਵਾਧੂ ਪੈਸੇ ਦੀ ਵਾਪਸੀ ਵਸੂਲੀ ਵਿਰੁੱਧ ਅਪੀਲ ਨਹੀਂ ਕਰ ਸਕਦਾ।

## ਮਾਲਕ-ਮਕਾਨ ਅਤੇ ਅਪੀਲਾਂ

ਆਪਣੇ ਕਿਰਾਏਦਾਰਾਂ ਦੇ ਹਾਊਸਿੰਗ ਬੈਨੀਫਿਟ ਸਬੰਧੀ ਫੈਸਲਿਆਂ ਬਾਰੇ ਸਹਿਮਤ ਨਾ ਹੋਣ ਦੀ ਸੂਰਤ ਵਿਚ ਮਾਲਕ-ਮਕਾਨਾ ਕੋਲ ਅਪੀਲ ਦੇ ਸਿਰਫ ਸੀਮਤ ਅਧਿਕਾਰ ਹੀ ਹਨ।

- ਜੇ ਫੈਸਲਾ ਉਨ੍ਹਾਂ ਦੇ ਕਿਰਾਏਦਾਰਾਂ ਦਾ ਬੈਨੀਫਿਟ ਸਿੱਧਾ ਮਾਲਕ-ਮਕਾਨ ਨੂੰ ਨਾ ਭੁਗਤਾਨ ਕਰਨ ਦਾ ਹੈ ਤਾ ਮਾਲਕ-ਮਕਾਨ ਅਪੀਲ ਕਰ ਸਕਦਾ ਹੈ
- ਜੇ ਉਨ੍ਹਾਂ ਦੇ ਕਿਸੇ ਕਿਰਾਏਦਾਰ ਨੂੰ ਵਾਧੂ ਬੈਨੀਫਿਟ ਦਿੱਤੇ ਜਾਣ ਕਾਰਨ ਮਾਲਕ-ਮਕਾਨ ਨੂੰ ਉਹ ਪੈਸਾ ਵਾਪਸ ਕਰਨ ਲਈ ਕਿਹਾ ਜਾਂਦਾ ਹੈ ਤਾਂ ਉਹ ਅਪੀਲ ਕਰ ਸਕਦਾ ਹੈ।
- ਪਰ ਮਾਲਕ-ਮਕਾਨ ਇਸ ਬਾਰੇ ਅਪੀਲ ਨਹੀਂ ਕਰ ਸਕਦਾ ਕਿ ਉਨ੍ਹਾਂ ਦੇ ਕਿਰਾਏਦਾਰ ਨੂੰ ਕਿਤਨਾ ਬੈਨੀਫਿਟ ਮਿਲਣਾ ਚਾਹੀਦਾ ਹੈ।

## ਲੋਕਲ ਹਾਊਸਿੰਗ ਅਲਾਊਂਸ ਕੀ ਹੁੰਦਾ ਹੈ?

ਤੁਹਾਨੂੰ ਮਿਲ ਸਕਣ ਵਾਲੇ ਅਧਿਕਤਮ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਗਾਉਣ ਦੇ ਨਵੇਂ ਤਰੀਕੇ ਨੂੰ ਲੋਕਲ ਹਾਊਸਿੰਗ ਅਲਾਊਂਸ (ਐਲ.ਐਚ.ਏ.) ਕਿਹਾ ਜਾਂਦਾ ਹੈ। ਤੁਹਾਨੂੰ ਮਿਲ ਸਕਣ ਵਾਲੀ ਰਕਮ ਹਾਲੇ ਵੀ ਤੁਹਾਡੀ ਆਮਦਨ ਅਤੇ ਬੱਚਤਾਂ ਤੇ ਨਿਰਭਰ ਹੋਵੇਗੀ। ਤੁਹਾਨੂੰ ਮਿਲ ਸਕਣ ਵਾਲੇ ਅਧਿਕਤਮ ਹਾਊਸਿੰਗ ਬੈਨੀਫਿਟ ਦਾ ਹਿਸਾਬ ਲਾਉਣ ਦਾ ਸਿਰਫ ਸਾਡਾ ਤਰੀਕਾ ਹੀ ਬਦਲ ਰਿਹਾ ਹੈ। ਅਸੀਂ ਐਲ.ਐਚ.ਏ. ਲੈਵਲਜ ਆਪਣੀ ਵੈਬਸਾਈਟ ਤੇ ਪਰਕਾਸ਼ਤ ਕਰਾਂਗੇ।

## ਜੇ ਮੈਂ ਲੋਕਲ ਹਾਊਸਿੰਗ ਅਲਾਊਂਸ ਦੇ ਲੈਵਲ ਨਾਲ ਸਹਿਮਤ ਨਾ ਹੋਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਸੀਂ ਲੋਕਲ ਹਾਊਸਿੰਗ ਅਲਾਊਂਸ (ਐਲ.ਐਚ.ਏ.) ਦੇ ਲੈਵਲ ਜਾਂ ਬੋਰਡ ਰੈਂਟਲ ਮਾਰਕੀਟ ਏਰੀਆਜ (ਬੀ.ਆਰ.ਐਮ.ਏ.) ਜਿਹਨਾਂ ਉਤੇ ਇਹ ਅਧਾਰਤ ਹੁੰਦਾ ਹੈ ਦੇ ਵਿਰੁੱਧ ਅਪੀਲ ਨਹੀਂ ਕਰ ਸਕਦੇ। ਐਲ.ਐਚ.ਏ. ਹਰ ਇਕ ਨੂੰ ਪ੍ਰਭਾਵਤ ਨਹੀਂ ਕਰਦਾ ਹੈ। ਵਧੇਰੇ ਜਾਣਕਾਰੀ ਵਾਸਤੇ 'ਏ ਗਾਈਡ ਟੂ ਲੋਕਲ ਹਾਊਸਿੰਗ ਅਲਾਊਂਸ' ਨਾਮੀ ਲੀਫਲੈਟ ਦੇਖੋ।

ਜੇ ਤੁਹਾਡੀ ਕਿਰਾਏਦਾਰੀ ਦੇ ਭਾਗ ਵਜੋਂ ਤੁਹਾਨੂੰ ਪਕਾਏ ਹੋਏ ਭੋਜਨ ਮਿਲਦੇ ਹਨ ਤਾਂ ਤੁਸੀਂ ਦੁਬਾਰਾ ਨਿਰਧਾਰਣ ਕੀਤੇ ਜਾਣ ਦੀ ਮੰਗ ਕਰ ਸਕਦੇ ਹੋ। ਇਹ ਨਿਰਧਾਰਣ ਕਰਨ ਸਮੇਂ ਰੈਂਟ ਸਰਵਿਸ ਤੁਹਾਡੀ ਆਮਦਨੀ ਨੂੰ ਹਿਸਬ ਵਿਚ ਨਹੀਂ ਲਿਆਉਂਦੀ, ਇਸ ਕਰਕੇ ਦੁਬਾਰਾ ਨਿਰਧਾਰਣ ਦੀ ਮੰਗ ਕਰਨ ਦਾ ਕਾਰਨ ਤੁਹਾਡੀ ਆਮਦਨੀ ਦਾ ਲੈਵਲ ਨਹੀਂ ਹੋਣਾ ਚਾਹੀਦਾ। ਕਿਸੇ ਦੂਸਰੇ ਰੈਂਟ ਸਰਵਿਸ ਏਰੀਏ ਦਾ ਕੋਈ ਅਫਸਰ ਮੁੱਢਲੇ ਮੁੱਲਾਂਕਣ ਨੂੰ ਘੋਖੇਗਾ ਅਤੇ ਤੁਹਾਨੂੰ ਆਪਣਾ ਫੈਸਲਾ ਲਿਖਤੀ ਰੂਪ ਵਿਚ ਦੇਵੇਗਾ।

## ਉਹ ਫੈਸਲੇ ਜਿਨ੍ਹਾਂ ਵਿਰੁੱਧ ਅਪੀਲ ਨਹੀਂ ਕੀਤੀ ਜਾ ਸਕਦੀ

ਤੁਸੀਂ ਕਿਸੇ ਵੀ ਫੈਸਲੇ, ਜੋ ਤੁਹਾਡੇ ਖਿਆਲ ਵਿਚ ਗਲਤ ਹੋਵੇ, ਉਤੇ ਮੁੜ-ਵਿਚਾਰ ਕਰਨ ਦੀ ਮੰਗ ਕਰ ਸਕਦੇ ਹੋ। ਪਰ ਕੁੱਝ ਫੈਸਲੇ ਐਸੇ ਹਨ ਜਿਨ੍ਹਾਂ ਵਿਰੁੱਧ ਤੁਸੀਂ ਟ੍ਰਾਈਬਿਊਨਲ ਕੋਲ ਅਪੀਲ ਨਹੀਂ ਕਰ ਸਕਦੇ, ਮਿਸਾਲੀ ਫੈਸਲੇ:

- ਤੁਹਾਨੂੰ ਕੀ ਜਾਣਕਾਰੀ ਅਤੇ ਸਬੂਤ ਪੇਸ਼ ਕਰਨੇ ਚਾਹੀਦੇ ਹਨ ਬਾਰੇ
- ਫੈਸਲਾ ਬਦਲਣ ਦੀ ਦੇਰੀ ਨਾਲ ਕੀਤੀ ਮੰਗ ਨੂੰ ਪ੍ਰਵਾਨ ਨਾ ਕਰਨ ਬਾਰੇ
- ਕੌਂਸਲ ਨੂੰ ਕਿਸੇ ਤਬਦੀਲੀ ਬਾਰੇ ਦੇਰੀ ਨਾਲ ਦੱਸਣ ਕਾਰਨ ਕਿਸੇ ਪਿੱਛਲੀ ਤਰੀਕ ਤੋਂ ਭੁਗਤਾਨ ਨਾ ਕਰਨ ਬਾਰੇ
- ਤੁਹਾਨੂੰ ਚੈੱਕ ਰਾਹੀਂ ਭੁਗਤਾਨ ਕਰਨ ਜਾਂ ਕਿਤਨੇ ਸਮੇਂ ਬਾਅਦ ਭੁਗਤਾਨ ਕੀਤਾ ਜਾਵੇ ਬਾਰੇ
- ਦਿੱਤੇ ਗਏ ਵਾਧੂ ਪੈਸੇ ਦੀ ਵਾਪਸੀ ਵਸੂਲੀ, ਜੇ ਐਸਾ ਕਰਨ ਦਾ ਹੱਕ ਹੋਵੇ, ਕਰਨ ਬਾਰੇ
- ਵਾਧੂ ਪੈਸੇ ਦੀ ਵਾਪਸੀ ਵਸੂਲੀ ਕਿਵੇਂ ਕੀਤੀ ਜਾਵੇਗੀ ਬਾਰੇ
- ਡਿਸਕ੍ਰੈਸ਼ਨਰੀ ਹਾਊਸਿੰਗ ਪੇਮਿੰਟਸ ਬਾਰੇ

## ਕਾਰਨਾ ਦਾ ਬਿਆਨ

ਕੋਈ ਵੀ ਪ੍ਰਭਾਵਤ ਵਿਅਕਤੀ ਕੌਂਸਲ ਕੋਲੋਂ ਕਾਰਨਾ ਦੇ ਇਕ ਲਿਖਤੀ ਬਿਆਨ ਦੀ ਮੰਗ ਕਰ ਸਕਦਾ ਹੈ। ਕਾਰਨਾ ਦੇ ਇਸ ਬਿਆਨ ਨਾਲ ਤੁਹਾਡੇ ਅਪੀਲ ਕਰਨ ਦੇ ਹੱਕ ਵਿਚ ਕੋਈ ਫਰਕ ਨਹੀਂ ਪੈਂਦਾ। ਇਸ ਬਿਆਨ ਵਿਚ ਦੱਸਿਆ ਜਾਵੇਗਾ ਕਿ ਕੌਂਸਲ ਇਸ ਫੈਸਲੇ ਤੱਕ ਕਿਵੇਂ ਪਹੁੰਚੀ ਹੈ। ਕੌਂਸਲ ਵਲੋਂ ਇਹ ਬਿਆਨ ਦੇਣ ਵਿਚ ਲੱਗਣ ਵਾਲੇ ਸਮੇਂ ਅਨੁਸਾਰ ਮੁੜ-ਵਿਚਾਰ ਜਾਂ ਟ੍ਰਾਈਬਿਊਨਲ ਸਰਵਿਸ ਕੋਲ ਅਪੀਲ ਕਰਨ ਦੇ ਸਮੇਂ ਦੀ ਸੀਮਾ ਵਧਾ ਦਿੱਤੀ ਜਾਵੇਗੀ।

## ਜੇ ਮੈਂ ਫੈਸਲੇ ਉਪਰ ਦੁਬਾਰਾ ਗੌਰ ਕਰਵਾਉਣਾ ਚਾਹਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਹਾਨੂੰ ਆਪਣੇ ਸਥਾਨਕ ਕੌਂਸਲ ਬੈਨੀਫਿਟਸ ਸੈਕਸ਼ਨ ਨੂੰ ਫੈਸਲੇ ਦੀ ਤਰੀਕ ਤੋਂ **ਇਕ ਮਹੀਨੇ** ਦੇ ਅੰਦਰ ਲਿਖਤੀ ਸੂਚਨਾ ਦੇਣੀ ਪਵੇਗੀ। ਜੇ ਤੁਸੀਂ ਕਿਸੇ ਵਿਸ਼ੇਸ਼ ਹਾਲਤਾਂ ਕਾਰਨ ਇਕ ਮਹੀਨੇ ਅੰਦਰ ਲਿਖਤੀ ਸੂਚਨਾ ਨਹੀਂ ਦੇ ਸਕਦੇ ਤਾਂ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰਕੇ ਇਨ੍ਹਾਂ ਬਾਰੇ ਦੱਸ ਦੇਵੋ ਕਿਉਂਕਿ ਉਹ ਸ਼ਾਇਦ ਫਿਰ ਵੀ ਫੈਸਲੇ ਉਤੇ ਦੁਬਾਰਾ ਗੌਰ ਕਰ ਲੈਣ।

## ਜਦੋਂ ਫੈਸਲੇ ਉਤੇ ਦੁਬਾਰਾ ਗੌਰ ਕੀਤਾ ਜਾਂਦਾ ਹੈ ਤਾਂ ਕੀ ਹੁੰਦਾ ਹੈ?

ਇਹ ਦੇਖਣ ਲਈ ਕਿ ਕੀ ਫੈਸਲਾ ਠੀਕ ਹੈ ਜਾਂ ਨਹੀਂ, ਪਹਿਲਾਂ ਫੈਸਲਾ ਕਰਨ ਵਾਲੇ ਅਫਸਰ ਨਾਲੋਂ ਕੋਈ ਵੱਖਰਾ ਅਫਸਰ ਫੈਸਲੇ ਨੂੰ ਚੈੱਕ ਕਰੇਗਾ।

**ਜੇ ਫੈਸਲਾ ਬਦਲਿਆ ਜਾ ਸਕਦਾ ਹੋਵੇ:**

ਜੇ ਫੈਸਲਾ ਬਦਲਿਆ ਜਾ ਸਕਦਾ ਹੋਵੇ ਤਾਂ ਇਸ ਵਿਚ ਮੁੱਢਲੇ ਫੈਸਲੇ ਦੀ ਤਰੀਕ ਤੋਂ ਹੀ ਤਰਮੀਮ ਕਰ ਦਿੱਤੀ ਜਾਵੇਗੀ।

ਨਵੇਂ ਫੈਸਲੇ ਦੀ ਜਾਣਕਾਰੀ ਬਾਰੇ ਤੁਹਾਨੂੰ ਇਕ ਚਿੱਠੀ ਭੇਜੀ ਜਾਵੇਗੀ।

**ਜੇ ਫੈਸਲਾ ਬਦਲਿਆ ਨਾ ਜਾ ਸਕੇ:**

ਜੇ, ਫੈਸਲੇ ਉਤੇ ਦੁਬਾਰਾ ਗੌਰ ਕਰਨ ਤੋਂ ਬਾਅਦ, ਇਹ ਬਦਲਿਆ ਨਾ ਜਾ ਸਕੇ ਤਾਂ ਤੁਹਾਨੂੰ ਇਸਦੇ ਕਾਰਨ ਦੱਸਣ ਵਾਸਤੇ ਇਕ ਚਿੱਠੀ ਲਿਖੀ ਜਾਵੇਗੀ।

ਫਿਰ ਤੁਹਾਨੂੰ ਟ੍ਰਾਈਬਿਊਨਲ ਸਰਵਿਸ ਕੋਲ ਅਪੀਲ ਕਰਨ ਵਾਸਤੇ **ਇਕ ਹੋਰ ਮਹੀਨੇ** ਦਾ ਸਮਾਂ ਮਿਲ ਜਾਵੇਗਾ।

## ਮੈਂ ਫੈਸਲੇ ਵਿਰੁੱਧ ਅਪੀਲ ਕਰਨੀ ਚਾਹਵਾਂ ਤਾਂ ਮੈਨੂੰ ਕੀ ਕਰਨਾ ਚਾਹੀਦਾ ਹੈ?

ਤੁਹਾਨੂੰ ਅਪੀਲ ਲਿਖਤੀ ਰੂਪ ਵਿਚ ਕਰਨੀ ਪਵੇਗੀ, ਤੁਸੀਂ ਇਹ ਚਿੱਠੀ ਜਾਂ ਅਪੀਲ ਫਾਰਮ, ਜੋ ਸਥਾਨਕ ਕੌਂਸਲ ਬੈਨੀਫਿਟਸ ਸੈਕਸ਼ਨ ਕੋਲੋਂ ਪ੍ਰਾਪਤ ਕੀਤਾ ਜਾ ਸਕਦਾ ਹੈ, ਰਾਹੀਂ ਕਰ ਸਕਦੇ ਹੋ। ਤੁਹਾਡੀ ਅਪੀਲ ਫੈਸਲੇ ਦੀ ਚਿੱਠੀ ਦੀ ਤਰੀਕ ਤੋਂ **ਇਕ ਕਲੈਂਡਰੀ ਮਹੀਨੇ** ਦੇ ਅੰਦਰ ਚਿੱਠੀ ਉਤੇ ਲਿਖੇ ਹੋਏ ਦਫਤਰ ਵਿਚ ਪਹੁੰਚਣੀ ਜ਼ਰੂਰੀ ਹੈ।

ਟ੍ਰਾਈਬਿਊਨਲ ਸੁਣਵਾਈ ਰਾਹੀਂ ਟ੍ਰਾਈਬਿਊਨਲ ਸਰਵਿਸ ਤੁਹਾਡੀ ਅਪੀਲ ਬਾਰੇ ਫੈਸਲਾ ਕਰੇਗੀ। ਟ੍ਰਾਈਬਿਊਨਲ ਵਿਚ ਸ਼ਾਮਲ ਲੋਕ ਕੌਂਸਲ ਦੇ ਬੰਦੇ ਨਹੀਂ ਹੁੰਦੇ।

ਅਪੀਲ ਕਰਨ ਦੇ ਆਪਣੇ ਕਾਰਨਾ ਬਾਰੇ ਦੱਸਣਾ ਬਹੁਤ ਜ਼ਰੂਰੀ ਹੈ ਕਿਉਂਕਿ ਜੇ ਕੋਈ ਚੀਜ਼ ਤੁਸੀਂ ਆਪਣੀ ਚਿੱਠੀ ਜਾਂ ਅਪੀਲ ਫਾਰਮ ਵਿਚ ਨਹੀਂ ਦੱਸੀ ਤਾਂ ਉਸ ਉਤੇ ਟ੍ਰਾਈਬਿਊਨਲ ਵਾਸਤੇ ਗੌਰ ਕਰਨਾ ਜ਼ਰੂਰੀ ਨਹੀਂ ਹੈ। ਟ੍ਰਾਈਬਿਊਨਲ ਸਿਰਫ ਫੈਸਲਾ, ਜਿਸ ਵਿਰੁੱਧ ਤੁਸੀਂ ਅਪੀਲ ਕਰ ਰਹੇ ਹੋ, ਕਰਨ ਸਮੇਂ ਦੇ ਸਬੂਤਾਂ, ਕਨੂੰਨ ਅਤੇ ਹਾਲਤਾਂ ਨੂੰ ਹੀ ਧਿਆਨ ਵਿਚ ਰੱਖ ਸਕਦਾ ਹੈ।

ਯਾਦ ਰੱਖੋ, ਜੇ ਅਪੀਲ ਟ੍ਰਾਈਬਿਊਨਲ ਫੈਸਲਾ ਕਰ ਦਿੰਦਾ ਹੈ ਕਿ ਤੁਹਾਨੂੰ ਵਾਧੂ ਪੈਸੇ ਮਿਲਦੇ ਰਹੇ ਹਨ ਤਾਂ ਤੁਹਾਡਾ ਬੈਨੀਫਿਟ ਘਟ ਜਾਵੇਗਾ।

## ਵਧੇਰੇ ਜਾਣਕਾਰੀ

ਅਪੀਲਾਂ ਅਤੇ ਟ੍ਰਾਈਬਿਊਨਲ ਸਰਵਿਸ ਸਬੰਧੀ ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈਬਸਾਈਟ www.benefit-leaflets.org ਦੇਖੋ, ਜਿੱਥੋਂ ਤੁਹਾਨੂੰ ਟ੍ਰਾਈਬਿਊਨਲ ਸਰਵਿਸ ਪਬਲੀਕੇਸ਼ਨਾ ਵਾਸਤੇ ਸਿੱਧਾ ਲਿੰਕ ਮਿਲ ਜਾਵੇਗਾ।

## ਵਧੇਰੇ ਸਲਾਹ ਮਸ਼ਵਰਾ ਕਿੱਥੋਂ ਪ੍ਰਾਪਤ ਕੀਤਾ ਜਾ ਸਕਦਾ ਹੈ?

ਜੇ ਤੁਹਾਨੂੰ ਵਧੇਰੇ ਸਲਾਹ ਜਾਂ ਸਹਾਇਤਾ ਚਾਹੀਦੀ ਹੈ ਤਾਂ ਆਪਣੀ ਸਥਾਨਕ ਕੌਂਸਲ ਨਾਲ ਸੰਪਰਕ ਕਰੋ। (ਸੰਪਰਕ ਵੇਰਵਾ ਆਪਣੇ ਕੌਂਸਲ ਟੈਕਸ ਬਿੱਲ ਉਤੇ ਦੇਖਿਆ ਜਾ ਸਕਦਾ ਹੈ)

**ਸੁਤੰਤਰ ਸਲਾਹ ਮਸ਼ਵਰਾ –** ਜੇ ਤੁਹਾਨੂੰ ਸੁਤੰਤਰ ਸਲਾਹ ਦੀ ਲੋੜ ਹੈ ਤਾਂ ਆਪਣੇ ਸਥਾਨਕ ਸਿਟੀਜ਼ਨਜ ਐਡਵਾਈਸ ਬਿਊਰੋ ਨਾਲ ਸੰਪਰਕ ਕਰੋ। ਉਨ੍ਹਾਂ ਦਾ ਅਤੇ ਦੂਸਰੀਆਂ ਸਥਾਨਕ ਐਡਵਾਈਸ ਅਜੈਂਸੀਆਂ ਦੇ ਫੋਨ ਨੰਬਰ ਫੋਨ ਬੁੱਕ ਅਤੇ ਆਪਣੀ ਲੋਕਲ ਲਾਈਬ੍ਰੇਰੀ ਵਿਚੋਂ ਪ੍ਰਾਪਤ ਕਰ ਸਕਦੇ ਹੋ।

## ਦੂਸਰੇ ਰੂਪ

ਤੁਸੀਂ ਇਸ ਕਿਤਾਬਚੇ ਵਿਚਲੀ ਜਾਣਕਾਰੀ ਵੱਡੇ ਅੱਖਰਾਂ, ਬ੍ਰੇਅਲ, ਆਡੀਓ ਅਤੇ ਦੂਸਰੀਆਂ ਬੋਲੀਆਂ ਵਿਚ ਪ੍ਰਾਪਤ ਕਰ ਸਕਦੇ ਹੋ। ਵਧੇਰੇ ਜਾਣਕਾਰੀ ਵਾਸਤੇ ਸਾਡੀ ਵੈਬਸਾਈਟ www.benefit-leaflets.org ਦੇਖੋ।